**ਅਟੈਚਮੈਂਟ**

ਹੁਣੇ ਰਜਿਸਟਰ ਕਰੋ!

ਅਕਸਰ ਪੁੱਛੇ ਜਾਣ ਵਾਲੇ ਸਵਾਲ - ਭੂਗੋਲਿਕ ਚੋਣ ਖੇਤਰ

ਜੇ ਤੁਹਾਡੇ ਕੋਲ ਕਿਸੇ ਕਾਰਜਕਾਰੀ ਕਮੇਟੀ ਲਈ ਇੱਕ ਵਿਅਕਤੀ ਜਾਂ ਕਾਰਪੋਰੇਟ ਵੋਟਰ ਦੇ ਰੂਪ ਵਿੱਚ ਜਾਂ ਚੋਣ ਕਮੇਟੀ ਉੱਪ-ਖੇਤਰ ਲਈ ਇੱਕ ਵਿਅਕਤੀ ਜਾਂ ਕਾਰਪੋਰੇਟ ਵੋਟਰ ਵਜੋਂ ਰਜਿਸਟਰ ਕਰਨ ਲਈ ਅਰਜ਼ੀ ਦੇ ਸੰਬੰਧ ਵਿੱਚ ਤੁਹਾਡੇ ਕੋਲ ਕੋਈ ਸਵਾਲ ਹਨ, ਤਾਂ ਕ੍ਰਿਪਾ ਕਰਕੇ ਇੱਥੇ ਕਲਿੱਕ ਕਰੋ।

ਪ੍ਰ1: ਕੌਣ ਰਜਿਸਟਰ ਕਰ ਸਕਦਾ ਹੈ?
ਪ੍ਰ2: ਮੈਨੂੰ ਰਜਿਸਟਰ ਕਿਉਂ ਕਰਨਾ ਚਾਹੀਦਾ ਹੈ?
ਪ੍ਰ3: ਮੈਂ ਵੋਟਰ ਵਜੋਂ ਕਿਵੇਂ ਰਜਿਸਟਰ ਕਰ ਸਕਦਾ ਹਾਂ?
ਪ੍ਰ4: ਜੇ ਮੈਂ ਇੱਕ ਰਜਿਸਟਰਡ ਵੋਟਰ ਹਾਂ, ਤਾਂ ਮੈਂ ਆਪਣੇ ਰਜਿਸਟ੍ਰੇਸ਼ਨ ਵੇਰਵੇ ਜਿਵੇਂ ਕਿ ਰਜਿਸਟਰਡ ਪਤਾ, ਨਾਮ, ਈਮੇਲ ਪਤਾ ਅਤੇ ਸੰਪਰਕ ਫੋਨ ਨੰਬਰ ਦੀ ਬਦਲੀ ਦੀ ਕਿਵੇਂ ਰਿਪੋਰਟ ਕਰ ਸਕਦਾ ਹਾਂ?
ਪ੍ਰ5: ਕੀ ਨਵੇਂ ਵੋਟਰ ਰਜਿਸਟ੍ਰੇਸ਼ਨ ਅਤੇ ਰਜਿਸਟ੍ਰੇਸ਼ਨ ਵੇਰਵਿਆਂ ਦੇ ਬਦਲਾਅ ਲਈ ਸਮੇਂ ਦੀ ਕੋਈ ਹੱਦ ਹੈ?
ਪ੍ਰ6: ਕੀ ਮੈਂ ਨਵੇਂ ਵੋਟਰ ਰਜਿਸਟ੍ਰੇਸ਼ਨ ਲਈ ਅਰਜ਼ੀ ਦੇਣ ਤੋਂ ਤੁਰੰਤ ਬਾਅਦ ਵੋਟ ਪਾਉਣ ਦਾ ਹੱਕਦਾਰ ਹਾਂ? / ਕੀ ਮੈਂ ਰਜਿਸਟਰਡ ਪਤੇ ਦੇ ਬਦਲੇ ਦੀ ਰਿਪੋਰਟ ਕਰਨ ਤੋਂ ਤੁਰੰਤ ਬਾਅਦ ਨਵੇਂ ਚੋਣ ਖੇਤਰ ਅਤੇ ਨਵੇਂ ਪੋਲਿੰਗ ਸਟੇਸ਼ਨ 'ਤੇ ਵੋਟ ਪਾਉਣ ਦਾ ਹੱਕਦਾਰ ਹਾਂ?
ਪ੍ਰ7: ਦੋ ਨਵੇਂ ਸੰਸ਼ੋਧਿਤ ਭੂਗੋਲਿਕ ਚੋਣ-ਖੇਤਰ ਵੋਟਰ ਰਜਿਸਟ੍ਰੇਸ਼ਨ ਫਾਰਮ REO-1 ਅਤੇ REO-2 ਦੇ ਵਿੱਚਕਾਰ ਕੀ ਅੰਤਰ ਹੈ? ਮੈਨੂੰ ਕਿਸ ਫਾਰਮ ਦਾ ਉਪਯੋਗ ਕਰਨਾ ਚਾਹੀਦਾ ਹੈ?
ਪ੍ਰ8: ਕਈ ਸਾਲ ਪਹਿਲਾਂ ਮੈਂ ਇੱਕ ਅਰਜ਼ੀ ਫਾਰਮ ਭਰਿਆ ਹੈ। ਕੀ ਮੈਨੂੰ ਦੁਬਾਰਾ ਰਜਿਸਟਰ ਕਰਨਾ ਪਵੇਗਾ?
ਪ੍ਰ9: ਮੈਂ ਸਤੰਬਰ 2019 ਦੇ ਅੰਤ ਵਿੱਚ 18 ਸਾਲਾਂ ਦਾ ਹੋਵਾਂਗਾ ਪਰ ਰਜਿਸਟ੍ਰੇਸ਼ਨ ਦੀ ਆਖਰੀ ਤਾਰੀਖ 2 ਜੁਲਾਈ ਹੈ। ਕੀ ਮੈਂ ਹੁਣ ਵੋਟਰ ਵਜੋਂ ਰਜਿਸਟਰ ਕਰ ਸਕਦਾ ਹਾਂ?
ਪ੍ਰ10: ਮੈਂ ਨਜ਼ਦੀਕੀ ਭਵਿੱਖ ਵਿੱਚ ਇੱਕ ਨਵੇਂ ਫਲੈਟ ਵਿੱਚ ਚਲਾ ਜਾਵਾਂਗਾ, ਕੀ ਮੈਂ ਹੁਣ ਆਪਣੇ ਨਵੇਂ ਘਰ ਦੇ ਪਤੇ ਨੂੰ ਰਜਿਸਟ੍ਰੇਸ਼ਨ ਅਤੇ ਚੁਣਾਵੀ ਦਫਤਰ ਨੂੰ ਰਿਪੋਰਟ ਕਰਨਾ ਚਾਹੀਦਾ ਹੈ?
ਪ੍ਰ11: ਕਿਸ ਕਿਸਮ ਦੇ ਦਸਤਾਵੇਜ਼ਾਂ ਨੂੰ ਪਤੇ ਦੇ ਸਬੂਤ ਵਜੋਂ ਸਵੀਕਾਰ ਕੀਤਾ ਜਾਂਦਾ ਹੈ?
ਪ੍ਰ12: ਜੇ ਮੈਂ ਪਤੇ ਦੇ ਸਬੂਤ ਦੇ ਤੌਰ 'ਤੇ ਆਪਣੇ ਨਾਮ ਅਤੇ ਰਿਹਾਇਸ਼ੀ ਪਤੇ ਦੇ ਦਸਤਾਵੇਜ਼ਾਂ ਨੂੰ ਪ੍ਰਦਾਨ ਨਹੀਂ ਕਰ ਸਕਦਾ, ਤਾਂ ਮੈਂ ਕਿਹੜੇ ਵਿਕਲਪਿਕ ਦਸਤਾਵੇਜ਼ਾਂ ਨੂੰ ਪ੍ਰਮਾਣਿਤ ਪਤੇ ਦੇ ਸਬੂਤ ਵਜੋਂ ਪੇਸ਼ ਕਰ ਸਕਦਾ ਹਾਂ?
ਪ੍ਰ13: ਜੇ ਮੇਰਾ ਨਵਾਂ ਘਰ ਆਵਾਸ ਵਿਭਾਗ ਦੇ ਅਧੀਨ ਪਬਲਿਕ ਕਿਰਾਏ ਦੇ ਆਵਾਸ ਵਿੱਚ ਜਾਂ ਹਾਂਗਕਾਂਗ ਆਵਾਸ ਸੋਸਾਇਟੀ ਦੇ ਅਧੀਨ ਸਬਸਿਡੀ ਵਾਲੀ ਰਿਹਾਇਸ਼ ਵਿੱਚ ਇੱਕ ਫਲੈਟ ਹੈ, ਕੀ ਮੈਂ ਪਤੇ ਦੇ ਪਰਿਵਰਤਨ ਲਈ ਅਰਜ਼ੀ ਦੇਣ ਸਮੇਂ ਪਤੇ ਦੀ ਪੁਸ਼ਟੀ ਤੋਂ ਛੋਟ ਪ੍ਰਾਪਤ ਕਰ ਸਕਦਾ ਹਾਂ?
ਪ੍ਰ14: ਜੇ ਮੈਂ ਜਾਣਦਾ ਹਾਂ ਕਿ ਕੋਈ ਵਿਅਕਤੀ ਵੋਟਰ ਰਜਿਸਟ੍ਰੇਸ਼ਨ ਲਈ ਝੂਠੀ ਜਾਣਕਾਰੀ ਦਿੰਦਾ ਹੈ, ਤਾਂ ਮੈਂ ਸਰਕਾਰੀ ਵਿਭਾਗਾਂ ਨੂੰ ਕਿਵੇਂ ਸੂਚਿਤ ਕਰ ਸਕਦਾ ਹਾਂ?
ਪ੍ਰ15: ਜੇ ਕੋਈ ਵੋਟਰ ਰਜਿਸਟ੍ਰੇਸ਼ਨ ਦੇ ਲਈ ਰਜਿਸਟ੍ਰੇਸ਼ਨ ਅਤੇ ਚੁਣਾਵੀ ਦਫਤਰ ਨੂੰ ਗਲਤ ਰਿਹਾਇਸ਼ੀ ਪਤਾ ਪ੍ਰਦਾਨ ਕਰਦਾ ਹੈ, ਜਾਂ ਰਜਿਸਟਰਡ ਪਤੇ ਦੇ ਬਦਲਾਵ ਲਈ ਅਰਜ਼ੀ ਦੇਣ ਸਮੇਂ ਗਲਤ ਪਤੇ ਦੇ ਦਸਤਾਵੇਜ਼ ਸਬੂਤ ਦੇ ਤੌਰ 'ਤੇ ਦਿੰਦਾ ਹੈ ਅਤੇ ਬਾਅਦ ਵਿੱਚ ਕਿਸੇ ਚੋਣ 'ਤੇ ਵੋਟਾਂ ਪਾਉਂਦਾ ਹੈ ਤਾਂ ਉਹ ਕਿਸ ਕਾਨੂੰਨ ਦਾ ਉਲੰਘਣ ਹੋਵੇਗਾ?
ਪ੍ਰ16: ਮੈਂ ਮੇਨਲੈਂਡ ਤੋਂ ਨਵਾਂ ਆਇਆ ਹਾਂ। ਕੀ ਮੈਂ ਇੱਕ ਵੋਟਰ ਦੇ ਤੌਰ ਤੇ ਰਜਿਸਟਰ ਕਰ ਸਕਦਾ ਹਾਂ?
ਪ੍ਰ17: ਮੈਨੂੰ ਕਿਵੇਂ ਪਤਾ ਲੱਗੇਗਾ ਕਿ ਵੋਟਰਾਂ ਦੇ ਰਜਿਸਟਰ 'ਤੇ ਮੇਰੇ ਰਿਕਾਰਡ ਸਹੀ ਤਰੀਕੇ ਨਾਲ ਦਰਜ ਹੋਏ ਹਨ?

ਪ੍ਰ18: ਕੀ ਰਜਿਸਟਰ ਯੋਗ ਵਿਅਕਤੀ ਕਾਰਜਕਾਰੀ ਚੋਣ ਖੇਤਰ / ਚੋਣ ਕਮੇਟੀ ਉੱਪ-ਖੇਤਰ ਦੇ ਵੋਟਰਾਂ ਵਜੋਂ ਅਜੇ ਵੀ ਰਜਿਸਟਰ ਹੋ ਸਕਦੇ ਹਨ?
ਪ੍ਰ19: ਕੀ ਮੇਰੇ ਨਿੱਜੀ ਡੇਟਾ ਦੀ ਦੁਰਵਰਤੋਂ ਦੇ ਖਿਲਾਫ ਸੁਰੱਖਿਆ ਦਾ ਕੋਈ ਉਪਾਅ ਹੈ?
ਪ੍ਰ20: ਮੈਂ ਨਵੇਂ ਵੋਟਰ ਰਜਿਸਟ੍ਰੇਸ਼ਨ / ਰਜਿਸਟ੍ਰੇਸ਼ਨ ਵੇਰਵਿਆਂ ਦੇ ਬਦਲਾਵ ਲਈ ਇਕ ਅਰਜ਼ੀ ਜਮ੍ਹਾਂ ਕੀਤੀ ਹੈ| ਮੈਨੂੰ ਕਿਵੇਂ ਪਤਾ ਲੱਗੇਗਾ ਕਿ ਰਜਿਸਟ੍ਰੇਸ਼ਨ ਅਤੇ ਚੋਣ ਦਫਤਰ ਨੇ ਮੇਰੀ ਅਰਜ਼ੀ 'ਤੇ ਕਾਰਵਾਈ ਕੀਤੀ ਹੈ?
ਪ੍ਰ21: ਜੇ ਮੇਰੇ ਕੋਲ ਵੋਟਰ ਰਜਿਸਟ੍ਰੇਸ਼ਨ ਸੰਬੰਧੀ ਹੋਰ ਸਵਾਲ ਹੋਣ, ਤਾਂ ਸਹਾਇਤਾ ਲਈ ਮੈਨੂੰ ਕਿਹੜੇ ਵਿਭਾਗ ਨਾਲ ਸੰਪਰਕ ਕਰਨਾ ਚਾਹੀਦਾ ਹੈ?

ਪ੍ਰ1: ਕੌਣ ਰਜਿਸਟਰ ਕਰ ਸਕਦਾ ਹੈ?
ਉੱ1: ਜੇ ਤੁਸੀਂ 18 ਸਾਲ ਜਾਂ ਵੱਧ ਉਮਰ ਦੇ ਹੋ ਅਤੇ ਹਾਂਗਕਾਂਗ ਦੇ ਸਥਾਈ ਨਿਵਾਸੀ ਹੋ, ਅਤੇ ਆਮ ਤੌਰ 'ਤੇ ਹਾਂਗਕਾਂਗ ਵਿੱਚ ਰਹਿੰਦੇ ਹੋ, ਤਾਂ ਤੁਸੀਂ ਇੱਕ ਭੂਗੋਲਿਕ ਚੋਣ ਵੋਟਰ ਦੇ ਤੌਰ 'ਤੇ ਸਾਈਨ-ਅੱਪ ਕਰਨ ਦੇ ਯੋਗ ਹੋ।

ਸਿਖਰ 'ਤੇ ਵਾਪਿਸ ਜਾਓ

ਪ੍ਰ2: ਮੈਨੂੰ ਰਜਿਸਟਰ ਕਿਉਂ ਕਰਨਾ ਚਾਹੀਦਾ ਹੈ?

ਉੱ2: ਸਿਰਫ਼ ਇੱਕ ਵੋਟਰ ਵਜੋਂ ਰਜਿਸਟਰ ਹੋਣ ਤੋਂ ਬਾਅਦ ਤੁਸੀਂ ਵਿਧਾਨਿਕ ਕੌਂਸਲ ਅਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਵਿੱਚ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਸਕਦੇ ਹੋ। ਇਨ੍ਹਾਂ ਸਥਾਨਾਂ 'ਤੇ ਬੈਠਣ ਲਈ ਆਪਣੇ ਪ੍ਰਤੀਨਿਧ ਦੀ ਚੋਣ ਕਰਨ ਦਾ ਹੱਕ ਤੁਹਾਡਾ ਹੈ। ਜੇ ਤੁਸੀਂ ਚੋਣ ਕਮੇਟੀ ਦੇ ਉੱਪ-ਖੇਤਰ ਚੋਣਾਂ ਵਿੱਚ ਵੋਟ ਪਾਉਣ ਦੇ ਯੋਗ ਹੋ, ਤਾਂ ਚੋਣਾਂ ਵਿੱਚ ਵੋਟ ਪਾਉਣ ਤੋਂ ਪਹਿਲਾਂ ਤੁਹਾਨੂੰ ਵੋਟਰ ਵਜੋਂ ਰਜਿਸਟਰ ਕਰਨ ਦੀ ਜ਼ਰੂਰਤ ਹੁੰਦੀ ਹੈ।

ਸਿਖਰ 'ਤੇ ਵਾਪਿਸ ਜਾਓ

ਪ੍ਰ3: ਮੈਂ ਵੋਟਰ ਵਜੋਂ ਕਿਵੇਂ ਰਜਿਸਟਰ ਕਰ ਸਕਦਾ ਹਾਂ?

ਉੱ3: ਜੇ ਤੁਸੀਂ ਇੱਕ ਰਜਿਸਟਰਡ ਚੋਣਕਾਰ ਨਹੀਂ ਹੋ ਅਤੇ ਤੁਸੀਂ ਇੱਕ ਭੂਗੋਲਿਕ ਚੋਣ ਖੇਤਰ ਵਿੱਚ ਰਜਿਸਟਰ ਹੋਣਾ ਚਾਹੁੰਦੇ ਹੋ, ਤਾਂ ਤੁਹਾਨੂੰ ਅਰਜ਼ੀ ਫਾਰਮ "ਨਵੇਂ ਵੋਟਰ ਰਜਿਸਟ੍ਰੇਸ਼ਨ ਲਈ ਅਰਜ਼ੀ (ਭੂਗੋਲਿਕ ਚੋਣ ਖੇਤਰ)" (REO - 1) ਨੂੰ ਪੂਰਾ ਕਰਨਾ ਹੋਵੇਗਾ।

•ਤੁਸੀਂ ਹੇਠ ਲਿਖੇ ਤਰੀਕਿਆਂ ਦੁਆਰਾ "ਨਵੇਂ ਵੋਟਰ ਰਜਿਸਟ੍ਰੇਸ਼ਨ ਲਈ ਅਰਜ਼ੀ (ਭੂਗੋਲਿਕ ਚੋਣ ਖੇਤਰ)" (REO -1) ਪ੍ਰਾਪਤ ਕਰ ਸਕਦੇ ਹੋ-

- ਇਸ ਵੈਬਸਾਈਟ ਤੋਂ ਡਾਊਨਲੋਡ ਕਰਕੇ;
- ਹੋਟਲਾਈਨ 2891 1001 'ਤੇ ਕਾਲ ਕਰਕੇ ਫੈਕਸ ਦੁਆਰਾ; ਅਤੇ
- ਜ਼ਿਲ੍ਹਾ ਦਫ਼ਤਰ, ਜਨਤਕ ਰਿਹਾਇਸ਼ੀ ਸੰਪਤੀਆਂ ਦੇ ਪ੍ਰਬੰਧਨ ਦਫਤਰ ਅਤੇ ਰਜਿਸਟ੍ਰੇਸ਼ਨ ਅਤੇ ਚੋਣ ਦਫਤਰ 'ਤੇ।

ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਦੇ ਪਤੇ:
10/F Harbour Centre
25 Harbour Road
Wan Chai
Hong Kong

13/F Kowloonbay International Trade & Exhibition Centre
1 Trademart Drive
Kowloon Bay
Kowloon

ਅਰਜ਼ੀ ਫਾਰਮ ਨੂੰ ਪੂਰਾ ਭਰਨ ਅਤੇ ਹਸਤਾਖਰ ਕਰਨ ਤੋਂ ਬਾਅਦ, ਤੁਸੀਂ ਰਜਿਸਟ੍ਰੇਸ਼ਨ ਅਤੇ ਚੁਣਾਵੀ ਦਫ਼ਤਰ ਵਿੱਚ ਡਾਕ, ਫੈਕਸ (ਫੈਕਸ ਨੰਬਰ: 2891 1180) ਜਾਂ ਈ-ਮੇਲ (ਈਮੇਲ ਪਤਾ: form@reo.gov.hk) ਰਾਹੀਂ ਫਾਰਮ ਜਮ੍ਹਾਂ ਕਰ ਸਕਦੇ ਹੋ, ਜਾਂ
ਰਜਿਸਟ੍ਰੇਸ਼ਨ ਅਤੇ ਚੋਣ ਦਫਤਰ ਆਨਲਾਇਨ ਅਪਲੋਡ ਪਲੇਟਫਾਰਮ (www.reo-form.gov.hk) ’ਤੇ ਫਾਰਮ ਨੂੰ ਅਪਲੋਡ ਕਰੋ|

ਜੇ ਤੁਹਾਡੇ ਕੋਲ ਹਾਂਗਕਾਂਗ ਡਾਕ ਜਾਂ ਡਿਜੀ-ਸਾਈਨ ਸਰਟੀਫਿਕੇਸ਼ਨ ਸਰਵਿਸਿਜ਼ ਲਿਮਿਟਡ ਦੁਆਰਾ ਜਾਰੀ ਇੱਕ ਵੈਧ ਡਿਜੀਟਲ ਸਰਟੀਫਿਕੇਟ ਹੈ (ਵੇਰਵੇ ਲਈ ਕ੍ਰਿਪਾ ਕਰਕੇ ਇੱਥੇ ਕਲਿੱਕ ਕਰੋ), ਤੁਸੀਂ GovHK ’ਤੇ ਵੋਟਰ ਰਜਿਸਟ੍ਰੇਸ਼ਨ ਐਪਲੀਕੇਸ਼ਨ ਰਾਹੀਂ ਇੱਕ ਆਨਲਾਇਨ ਅਰਜ਼ੀ ਵੀ ਜਮ੍ਹਾਂ ਕਰ ਸਕਦੇ ਹੋ|

ਕਾਰਜਕਾਰੀ ਚੋਣ ਖੇਤਰ ਦੇ ਵੋਟਰ ਵਜੋਂ ਅਤੇ ਚੋਣ ਕਮੇਟੀ ਉੱਪ-ਖੇਤਰ ਵਜੋਂ ਰਜਿਸਟਰ ਕਰਨ ਲਈ, ਕ੍ਰਿਪਾ ਕਰਕੇ ਇੱਥੇ ਕਲਿੱਕ ਕਰੋ।

ਸਿਖਰ ‘ਤੇ ਵਾਪਿਸ ਜਾਓ

ਪ੍ਰ4: ਜੇ ਮੈਂ ਇੱਕ ਰਜਿਸਟਰਡ ਵੋਟਰ ਹਾਂ, ਤਾਂ ਮੈਂ ਆਪਣੇ ਰਜਿਸਟ੍ਰੇਸ਼ਨ ਵੇਰਵੇ ਜਿਵੇਂ ਕਿ ਰਜਿਸਟਰਡ ਪਤਾ, ਨਾਮ, ਈਮੇਲ ਪਤਾ ਅਤੇ ਸੰਪਰਕ ਫੋਨ ਨੰਬਰ ਦੀ ਬਦਲੀ ਦੀ ਕਿਵੇਂ ਰਿਪੋਰਟ ਕਰ ਸਕਦਾ ਹਾਂ?

ਉੱ4: 1 ਫਰਵਰੀ 2018 ਤੋਂ, ਜੇ ਤੁਸੀਂ ਇੱਕ ਰਜਿਸਟਰਡ ਵੋਟਰ ਹੋ ਅਤੇ ਤੁਸੀਂ ਰਜਿਸਟ੍ਰੇਸ਼ਨ ਦੇ ਵੇਰਵੇ ਵਿੱਚ ਬਦਲਾਵ ਦੀ ਰਿਪੋਰਟ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਅਰਜ਼ੀ ਫਾਰਮ “ਭੂਗੋਲਿਕ ਖੇਤਰ ਵਿੱਚ ਵੋਟਰ ਦੁਆਰਾ ਵੇਰਵੇ ਦੇ ਬਦਲਾਵ ਦੀ ਰਿਪੋਰਟ” (REO -2) ਨੂੰ ਭਰਨਾ ਪਵੇਗਾ।

ਸਾਵਧਾਨ: ਸੰਬੰਧਿਤ ਵਿਧਾਨਿਕ ਜ਼ਰੂਰਤਾਂ ਦੇ ਅਨੁਸਾਰ, ਰਜਿਸਟਰਡ ਪਤੇ ਵਿੱਚ ਤਬਦੀਲੀ ਦੀ ਅਰਜ਼ੀ ਨੂੰ ਪਤੇ ਦੇ ਸਬੂਤ ਦੇ ਨਾਲ ਹੋਣਾ ਚਾਹੀਦਾ ਹੈ। ਤੁਸੀਂ ਪ੍ਰਵਾਨਿਤ ਕਿਸਮ ਦੇ ਪਤੇ ਦੇ ਸਬੂਤ ਲਈ ਉ11 ਤੋਂ ਉ13 ਦਾ ਹਵਾਲਾ ਦੇ ਸਕਦੇ ਹੋ।
•ਤੁਸੀਂ ਹੇਠ ਦਿੱਤੇ ਤਰੀਕਿਆਂ ਨਾਲ "ਭੂਗੋਲਿਕ ਚੋਣ ਖੇਤਰ ਵਿੱਚ ਇੱਕ ਵੋਟਰ ਦੁਆਰਾ ਵੇਰਵੇ ਦੇ ਬਦਲਾਵ ਦੀ ਰਿਪੋਰਟ" (REO-2) ਪ੍ਰਾਪਤ ਕਰ ਸਕਦੇ ਹੋ -

- ਇਸ ਵੈਬਸਾਈਟ ਤੋਂ ਡਾਊਨਲੋਡ ਕਰਕੇ;
- ਹੋਟਲਾਈਨ 2891 1001 ‘ਤੇ ਕਾਲ ਕਰਕੇ ਫੈਕਸ ਦੁਆਰਾ; ਅਤੇ
- ਜ਼ਿਲ੍ਹਾ ਦਫ਼ਤਰ, ਜਨਤਕ ਰਿਹਾਇਸ਼ੀ ਸੰਪਤੀਆਂ ਦੇ ਪ੍ਰਬੰਧਨ ਦਫਤਰ ਅਤੇ ਰਜਿਸਟ੍ਰੇਸ਼ਨ ਅਤੇ ਚੋਣ ਦਫਤਰ ‘ਤੇ।

ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਦੇ ਪਤੇ:
10/F Harbour Centre
25 Harbour Road
Wan Chai
Hong Kong

13/F Kowloonbay International Trade & Exhibition Centre
1 Trademart Drive

Kowloon Bay
Kowloon
ਅਰਜ਼ੀ ਫਾਰਮ ਨੂੰ ਪੂਰਾ ਭਰਨ ਅਤੇ ਹਸਤਾਖਰ ਕਰਨ ਤੋਂ ਬਾਅਦ, ਤੁਸੀਂ ਰਜਿਸਟ੍ਰੇਸ਼ਨ ਅਤੇ ਚੁਣਾਵੀ ਦਫ਼ਤਰ ਵਿੱਚ ਡਾਕ, ਫੈਕਸ (ਫੈਕਸ ਨੰਬਰ: 2891 1180) ਜਾਂ ਈ-ਮੇਲ (ਈਮੇਲ ਪਤਾ: form@reo.gov.hk) ਰਾਹੀਂ ਫਾਰਮ ਜਮ੍ਹਾਂ ਕਰ ਸਕਦੇ ਹੋ, ਜਾਂ
ਰਜਿਸਟ੍ਰੇਸ਼ਨ ਅਤੇ ਚੋਣ ਦਫਤਰ ਆਨਲਾਇਨ ਅਪਲੋਡ ਪਲੇਟਫਾਰਮ (www.reo-form.gov.hk) 'ਤੇ ਫਾਰਮ (ਅਤੇ ਪਤੇ ਦਾ ਸਬੂਤ ਜਿੱਥੇ ਲਾਗੂ ਹੋਵੇ) ਨੂੰ ਅਪਲੋਡ ਕਰੋ|
ਜੇ ਤੁਹਾਡੇ ਕੋਲ ਹਾਂਗਕਾਂਗ ਡਾਕ ਜਾਂ ਡਿਜੀ-ਸਾਈਨ ਸਰਟੀਫਿਕੇਸ਼ਨ ਸਰਵਿਸਿਜ਼ ਲਿਮਿਟਡ ਦੁਆਰਾ ਜਾਰੀ ਇੱਕ ਵੈਧ ਡਿਜੀਟਲ ਸਰਟੀਫਿਕੇਟ ਹੈ (ਵੇਰਵੇ ਲਈ ਕ੍ਰਿਪਾ ਕਰਕੇ ਇੱਥੇ ਕਲਿੱਕ ਕਰੋ), ਤੁਸੀਂ GovHK 'ਤੇ ਵੋਟਰ ਰਜਿਸਟ੍ਰੇਸ਼ਨ ਐਪਲੀਕੇਸ਼ਨ ਰਾਹੀਂ ਇੱਕ ਆਨਲਾਇਨ ਅਰਜ਼ੀ ਵੀ ਜਮ੍ਹਾਂ ਕਰ ਸਕਦੇ ਹੋ|

ਉਪਰੋਕਤ ਤੋਂ ਇਲਾਵਾ, ਜੇ ਤੁਸੀਂ ਇੱਕ ਰਜਿਸਟਰਡ ਵੋਟਰ ਹੋ ਅਤੇ ਤੁਸੀਂ ਉਮੀਦਵਾਰਾਂ ਤੋਂ ਚੋਣ ਸਰਗਰਮੀਆਂ ਨਾਲ ਜੁੜੇ ਸੰਬੰਧਿਤ ਚੋਣ ਪੱਤਰ ਦੀ ਪ੍ਰਾਪਤੀ ਲਈ ਸਹੂਲਤ ਪ੍ਰਦਾਨ ਕਰਨ ਲਈ ਆਪਣਾ ਈਮੇਲ ਪਤਾ ਪ੍ਰਦਾਨ ਕਰਨਾ / ਅਪਡੇਟ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਸਾਡੀ ਵੈਬਸਾਈਟ (http: //www.osp.reo.gov.hk/index_e.html) ਜਾਂ ਈਮੇਲ (ਈਮੇਲ ਪਤਾ: reoenq@reo.gov.hk) ਰਾਹੀਂ ਰਜਿਸਟਰ ਅਤੇ ਚੋਣ ਦਫਤਰ ਨੂੰ ਸੰਬੰਧਿਤ ਜਾਣਕਾਰੀ ਪ੍ਰਦਾਨ ਕਰ ਸਕਦੇ ਹੋ।

ਸਿਖਰ 'ਤੇ ਵਾਪਿਸ ਜਾਓ

ਪ੍ਰ5: ਕੀ ਨਵੇਂ ਵੋਟਰ ਰਜਿਸਟ੍ਰੇਸ਼ਨ ਅਤੇ ਰਜਿਸਟ੍ਰੇਸ਼ਨ ਵੇਰਵਿਆਂ ਦੇ ਬਦਲਾਅ ਲਈ ਸਮੇਂ ਦੀ ਕੋਈ ਹੱਦ ਹੈ?

ਉੱ5: ਯੋਗ ਨਿਵਾਸੀਆਂ / ਰਜਿਸਟਰਡ ਵੋਟਰ ਸਾਲ ਦੇ ਕਿਸੇ ਵੀ ਸਮੇਂ ਨਵੇਂ ਵੋਟਰ ਸੰਬੰਧੀ ਰਜਿਸਟ੍ਰੇਸ਼ਨ / ਰਜਿਸਟ੍ਰੇਸ਼ਨ ਵੇਰਵਿਆਂ ਦੇ ਬਦਲਾਅ ਦੀ ਰਿਪੋਰਟ ਲਈ ਇੱਕ ਅਰਜ਼ੀ ਫਾਰਮ ਜਮ੍ਹਾਂ ਕਰ ਸਕਦੇ ਹਨ। ਹਾਲਾਂਕਿ, ਜੇ ਉਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਉਸੇ ਸਾਲ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵੋਟਰ ਰਜਿਸਟਰ ਵਿੱਚ ਰਜਿਸਟ੍ਰੇਸ਼ਨ ਪ੍ਰਕਿਰਿਆ / ਵੇਰਵਿਆਂ ਨੂੰ ਅਪਡੇਟ ਕਰਨਾ ਚਾਹੀਦਾ ਹੈ, ਉਹਨਾਂ ਨੂੰ ਹੇਠਾਂ ਦਿੱਤੇ ਗਏ ਸੰਬੰਧਿਤ ਕਾਨੂੰਨੀ ਨਿਰਧਾਰਿਤ ਸਮੇਂ ਤੇ ਜਾਂ ਇਸ ਤੋਂ ਪਹਿਲਾਂ ਇਸ ਦਫਤਰ ਵਿੱਚ ਅਰਜ਼ੀ ਜਮ੍ਹਾਂ ਕਰਾਉਣੀ ਚਾਹੀਦੀ ਹੈ:

ਨਵਾਂ ਵੋਟਰ ਰਜਿਸਟ੍ਰੇਸ਼ਨ
ਜ਼ਿਲ੍ਹਾ ਪਰਿਸ਼ਦ ਚੋਣ ਸਾਲ (ਉਦਾਹਰਣ ਲਈ 2019): 2 ਜੁਲਾਈ
ਗੈਰ-ਜ਼ਿਲ੍ਹਾ ਪਰਿਸ਼ਦ ਚੋਣ ਸਾਲ (ਉਦਾਹਰਣ ਲਈ 2020): 2 ਮਈ

ਇੱਕ ਵੋਟਰ ਦੁਆਰਾ ਵੇਰਵਿਆਂ ਦੀ ਬਦਲੀ ਬਾਰੇ ਰਿਪੋਰਟ
ਜ਼ਿਲ੍ਹਾ ਪਰਿਸ਼ਦ ਚੋਣ ਸਾਲ (ਉਦਾਹਰਣ ਲਈ 2019): 2 ਜੂਨ
ਗੈਰ-ਜ਼ਿਲ੍ਹਾ ਪਰਿਸ਼ਦ ਚੋਣ ਸਾਲ (ਉਦਾਹਰਣ ਲਈ 2020): 2 ਅਪ੍ਰੈਲ

ਜੇ ਉਪਰੋਕਤ ਸਮੇਂ ਦੀਆਂ ਤਾਰੀਕਾਂ ਤੋਂ ਬਾਅਦ ਅਰਜ਼ੀ ਫਾਰਮ ਜਮ੍ਹਾਂ ਕਰਾਏ ਜਾਂਦੇ ਹਨ, ਸੰਬੰਧਿਤ ਵੋਟਰਾਂ ਦੇ ਨਾਮ ਅਤੇ ਰਿਹਾਇਸ਼ੀ ਪਤਿਆਂ ਨੂੰ ਕੇਵਲ ਬਾਅਦ ਦੇ ਵੋਟਰ ਰਜਿਸਟ੍ਰੇਸ਼ਨ ਚੱਕਰ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵੋਟਰਾਂ ਦੇ ਰਜਿਸਟਰ ਵਿੱਚ ਸਿਰਫ ਦਰਜ / ਅਪਡੇਟ ਕੀਤੇ ਜਾ ਸਕਦਾ ਹੈ।

ਸਿਖਰ 'ਤੇ ਵਾਪਿਸ ਜਾਓ

ਪ੍ਰ6: ਕੀ ਮੈਂ ਨਵੇਂ ਵੋਟਰ ਰਜਿਸਟ੍ਰੇਸ਼ਨ ਲਈ ਅਰਜ਼ੀ ਦੇਣ ਤੋਂ ਤੁਰੰਤ ਬਾਅਦ ਵੋਟ ਪਾਉਣ ਦਾ ਹੱਕਦਾਰ ਹਾਂ? / ਕੀ ਮੈਂ ਰਜਿਸਟਰਡ ਪਤੇ ਦੇ ਬਦਲੇ ਦੀ ਰਿਪੋਰਟ ਕਰਨ ਤੋਂ ਤੁਰੰਤ ਬਾਅਦ ਨਵੇਂ ਚੋਣ ਖੇਤਰ ਅਤੇ ਨਵੇਂ ਪੋਲਿੰਗ ਸਟੇਸ਼ਨ 'ਤੇ ਵੋਟ ਪਾਉਣ ਦਾ ਹੱਕਦਾਰ ਹਾਂ?

ਉੱ6: ਮੌਜੂਦਾ ਕਾਨੂੰਨ ਅਨੁਸਾਰ, ਰਜਿਸਟ੍ਰੇਸ਼ਨ ਅਤੇ ਚੋਣ ਦਫਤਰ, ਚੋਣ ਖੇਤਰਾਂ ਅਤੇ ਪੋਲਿੰਗ ਸਟੇਸ਼ਨਾਂ ਨੂੰ ਵਰਤਮਾਨ ਵਿੱਚ ਰਜਿਸਟਰਡ ਵੋਟਰਾਂ ਦੇ ਰੂਪ ਵਿੱਚ ਦਰਜ਼ ਜਾਣਕਾਰੀ ਦੇ ਅਨੁਸਾਰ ਦਰਸਾਇਆ ਜਾਵੇਗਾ, ਜਿਸ ਨੂੰ ਸਾਲ ਵਿੱਚ ਇੱਕ ਵਾਰ ਅੱਪਡੇਟ ਕੀਤਾ ਜਾਂਦਾ ਹੈ| ਜੇਕਰ ਸਤੰਬਰ 2019 ਵਿੱਚ ਅਗਲੇ ਆਖਰੀ ਰਜਿਸਟਰ ਦੇ ਪ੍ਰਕਾਸ਼ਨ ਤੋਂ ਪਹਿਲਾਂ, ਕੋਈ ਵੀ ਜ਼ਿਲ੍ਹਾ ਪਰਿਸ਼ਦ ਜਾਂ ਵਿਧਾਨ ਪਰਿਸ਼ਦ ਦੀ ਉਪ-ਚੋਣ ਹੈ, ਰਜਿਸਟ੍ਰੇਸ਼ਨ ਅਤੇ ਚੋਣ ਦਫਤਰ ਜੁਲਾਈ 2018 ਵਿੱਚ ਪ੍ਰਕਾਸ਼ਿਤ ਮੌਜੂਦਾ ਆਖਰੀ ਰਜਿਸਟਰ ਦੀ ਜਾਣਕਾਰੀ ਅਨੁਸਾਰ ਚੋਣ ਖੇਤਰ ਅਤੇ ਪੋਲਿੰਗ ਸਟੇਸ਼ਨਾਂ ਨੂੰ ਨਿਰਧਾਰਿਤ ਕਰੇਗਾ|

ਇਸ ਲਈ, 2019 ਦੇ ਵੋਟਰ ਰਜਿਸਟ੍ਰੇਸ਼ਨ ਚੱਕਰ (ਮਤਲਬ 3 ਮਈ 2018 ਤੋਂ 2 ਜੁਲਾਈ 2019 ਤੱਕ) ਲਈ ਨਵੇਂ ਵੋਟਰ ਰਜਿਸਟ੍ਰੇਸ਼ਨ ਲਈ ਅਰਜ਼ੀ ਜਮ੍ਹਾਂ ਕਰਨ ਵਾਲੇ ਵਿਅਕਤੀ ਸਤੰਬਰ 2019 ਵਿੱਚ ਵੋਟਰਾਂ ਦੇ ਆਖਰੀ ਰਜਿਸਟਰ ਤੋਂ ਬਾਅਦ ਹੀ ਚੋਣ ਵਿੱਚ ਵੋਟ ਪਾਉਣ ਦੇ ਯੋਗ ਹੋਣਗੇ|

2019 ਦੇ ਵੋਟਰ ਰਜਿਸਟ੍ਰੇਸ਼ਨ ਚੱਕਰ (ਮਤਲਬ 3 ਅਪ੍ਰੈਲ 2018 ਤੋਂ 2 ਜੂਨ 2019 ਤੱਕ) ਦੇ ਰਜਿਸਟਰਡ ਪਤੇ ਵਿੱਚ ਤਬਦੀਲੀ ਦੀ ਅਰਜ਼ੀ ਜਮ੍ਹਾਂ ਕਰਵਾਉਣ ਵਾਲੇ ਵੋਟਰਾਂ ਲਈ, ਸਤੰਬਰ 2019 ਵਿੱਚ ਵੋਟਰਾਂ ਦੇ ਆਖਰੀ ਰਜਿਸਟਰ ਦੇ ਪ੍ਰਕਾਸ਼ਨ ਤੋਂ ਪਹਿਲਾਂ ਉੱਪ-ਚੋਣ ਰੱਖੀ ਜਾਣੀ ਚਾਹੀਦੀ ਹੈ, ਉਨ੍ਹਾਂ ਨੂੰ ਪੁਰਾਣੇ ਪਤੇ ਦੇ ਆਧਾਰ 'ਤੇ, ਚੋਣ ਖੇਤਰ ਅਤੇ ਪੋਲਿੰਗ ਸਟੇਸ਼ਨ 'ਤੇ ਵੋਟ ਪਾਉਣ ਲਈ ਨਿਯੁਕਤ ਕੀਤਾ ਜਾਵੇਗਾ (ਮਤਲਬ 2018 ਦੇ ਆਖਰੀ ਰਜਿਸਟਰ ਵਿੱਚ ਦਰਜ ਪਤੇ ਦੇ ਰੂਪ ਵਿੱਚ ਪਤਾ)|

ਪ੍ਰ7: ਦੋ ਨਵੇਂ ਸੰਸ਼ੋਧਿਤ ਭੂਗੋਲਿਕ ਚੋਣ-ਖੇਤਰ ਵੋਟਰ ਰਜਿਸਟ੍ਰੇਸ਼ਨ ਫਾਰਮ REO-1 ਅਤੇ REO-2 ਦੇ ਵਿੱਚਕਾਰ ਕੀ ਅੰਤਰ ਹੈ? ਮੈਨੂੰ ਕਿਸ ਫਾਰਮ ਦਾ ਉਪਯੋਗ ਕਰਨਾ ਚਾਹੀਦਾ ਹੈ?

ਉੱ7: 1 ਫਰਵਰੀ 2018 ਤੋਂ ਸ਼ੁਰੂ ਕਰਦੇ ਹੋਏ, ਜਨਤਾ ਦੇ ਮੈਂਬਰਾਂ ਨੂੰ ਸੰਬੰਧਿਤ ਅਰਜ਼ੀ ਫਾਰਮ ਦੀ ਵਰਤੋਂ ਕਰਨੀ ਚਾਹੀਦੀ ਹੈ ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਹ ਰਜਿਸਟਰਡ ਵੋਟਰ ਹਨ ਜਾਂ ਨਹੀਂ। ਜਨਤਾ ਦਾ ਕੋਈ ਵੀ ਮੈਂਬਰ ਜੋ ਅਜੇ ਤੱਕ ਰਜਿਸਟਰਡ ਵੋਟਰ ਨਹੀਂ ਹੈ, ਪਰ ਉਹ ਭੂਗੋਲਿਕ ਖੇਤਰ ਵਿੱਚ ਰਜਿਸਟਰ ਹੋਣਾ ਚਾਹੁੰਦਾ ਹੈ, ਉਸ ਨੂੰ "ਨਵੇਂ ਵੋਟਰ ਰਜਿਸਟ੍ਰੇਸ਼ਨ (ਭੂਗੋਲਿਕ ਚੋਣ ਖੇਤਰ)" ਲਈ ਅਰਜ਼ੀ (REO-1) ਦੀ ਵਰਤੋਂ ਕਰਨੀ ਚਾਹੀਦੀ ਹੈ; ਇੱਕ ਰਜਿਸਟਰਡ ਵੋਟਰ ਜਿਸਨੂੰ ਉਸਦੇ ਵੇਰਵੇ ਦੇ ਬਦਲਾਅ ਦੀ ਰਿਪੋਰਟ ਕਰਨ ਦੀ ਜ਼ਰੂਰਤ ਹੁੰਦੀ ਹੈ, ਉਸ ਨੂੰ "ਭੂਗੋਲਿਕ ਹਲਕੇ ਵਿੱਚ ਵੋਟਰ ਦੁਆਰਾ ਵੇਰਵੇ ਦੇ ਬਦਲਾਵ ਬਾਰੇ ਰਿਪੋਰਟ" (REO-2) ਦੀ ਵਰਤੋਂ ਕਰਨੀ ਚਾਹੀਦੀ ਹੈ।

ਤੁਸੀਂ ਆਨਲਾਈਨ ਵੋਟਰ ਜਾਣਕਾਰੀ ਚੈੱਕ ਸਿਸਟਮ (www.voterinfo.gov.hk) 'ਤੇ ਲਾਗਇਨ ਕਰ ਸਕਦੇ ਹੋ ਜਾਂ ਰਜਿਸਟ੍ਰੇਸ਼ਨ ਅਤੇ ਚੋਣ ਦਫਤਰ ਦੀ ਹੋਟਲਾਈਨ 2891 1001 ਨੂੰ ਕਾਲ ਕਰਕੇ ਪੁੱਛ ਸਕਦੇ ਹੋ ਕਿ ਤੁਸੀਂ ਰਜਿਸਟਰਡ ਵੋਟਰ ਹੋ, ਜਾਂ ਤੁਹਾਡੀ ਰਜਿਸਟ੍ਰੇਸ਼ਨ ਵੇਰਵੇ ਸਹੀ ਹਨ ਜਾਂ ਨਹੀਂ।

ਸਿਖਰ 'ਤੇ ਵਾਪਿਸ ਜਾਓ

ਪ੍ਰ8: ਕਈ ਸਾਲ ਪਹਿਲਾਂ ਮੈਂ ਇੱਕ ਅਰਜ਼ੀ ਫਾਰਮ ਭਰਿਆ ਹੈ। ਕੀ ਮੈਨੂੰ ਦੁਬਾਰਾ ਰਜਿਸਟਰ ਕਰਨਾ ਪਵੇਗਾ?

ਉੱ8: ਜੇ ਤੁਸੀਂ ਪਹਿਲਾਂ ਇੱਕ ਵੋਟਰ ਵਜੋਂ ਸਾਈਨ-ਅੱਪ ਕੀਤਾ ਹੈ, ਤਾਂ ਤੁਹਾਨੂੰ ਦੁਬਾਰਾ ਰਜਿਸਟਰ ਕਰਨ ਦੀ ਲੋੜ ਨਹੀਂ ਹੈ। ਤੁਸੀਂ ਆਨਲਾਈਨ ਵੋਟਰ ਜਾਣਕਾਰੀ ਚੈੱਕ ਸਿਸਟਮ (www.voterinfo.gov.hk) 'ਤੇ

ਲਾਗਇਨ ਕਰ ਸਕਦੇ ਹੋ ਜਾਂ ਰਜਿਸਟ੍ਰੇਸ਼ਨ ਅਤੇ ਚੋਣ ਦਫਤਰ ਦੀ ਹੋਟਲਾਈਨ 2891 1001 ਨੂੰ ਕਾਲ ਕਰਕੇ ਪੁੱਛ ਸਕਦੇ ਹੋ ਕਿ ਤੁਸੀਂ ਰਜਿਸਟਰਡ ਵੋਟਰ ਹੋ, ਜਾਂ ਤੁਹਾਡੀ ਰਜਿਸਟ੍ਰੇਸ਼ਨ ਵੇਰਵੇ ਸਹੀ ਹਨ ਜਾਂ ਨਹੀਂ।

ਗਲਤ ਰਜਿਸਟ੍ਰੇਸ਼ਨ ਵੇਰਵੇ ਨਾਲ ਵੋਟਰ ਦੀ ਰਜਿਸਟ੍ਰੇਸ਼ਨ ਸਥਿਤੀ ਅਤੇ ਵੋਟ ਕਰਨ ਦੀ ਯੋਗਤਾ 'ਤੇ ਅਸਰ ਹੋ ਸਕਦਾ ਹੈ। ਕ੍ਰਿਪਾ ਕਰਕੇ "ਭੂਗੋਲਿਕ ਖੇਤਰ ਵਿੱਚ ਵੋਟਰ ਦੇ ਵੇਰਵਿਆਂ ਦੇ ਬਦਲਾਅ ਬਾਰੇ ਰਿਪੋਰਟ" (REO-2) ਅਤੇ ਰਜਿਸਟ੍ਰੇਸ਼ਨ ਵੇਰਵਿਆਂ ਵਿੱਚ ਖਾਸ ਤੌਰ 'ਤੇ ਰਿਹਾਇਸ਼ੀ ਪਤੇ ਵਿੱਚ ਕਿਸੇ ਵੀ ਬਦਲਾਅ ਲਈ REO ਨੂੰ ਪਿਛਲੇ ਤਿੰਨ ਮਹੀਨਿਆਂ (ਰਿਹਾਇਸ਼ੀ ਪਤੇ ਵਿੱਚ ਬਦਲਾਅ ਲਈ ਲਾਗੂ), ਦੇ ਅੰਦਰ ਜਾਰੀ ਕੀਤੇ ਗਏ ਪਤੇ ਨੂੰ ਸਬੂਤ ਦੇ ਨਾਲ ਹਸਤਾਖਰ ਕਰੋ ਅਤੇ ਪੂਰੇ ਕੀਤੇ ਗਏ ਫਾਰਮ ਨੂੰ ਜਮ੍ਹਾਂ ਕਰੋ ਤਾਂ ਕਿ REO ਤੁਹਾਡੇ ਰਿਕਾਰਡਾਂ ਨੂੰ ਅੱਪਡੇਟ ਕਰ ਸਕੇ।

ਸਿਖਰ 'ਤੇ ਵਾਪਿਸ ਜਾਓ

ਪ੍ਰ9: ਮੈਂ ਸਤੰਬਰ 2019 ਦੇ ਅੰਤ ਵਿੱਚ 18 ਸਾਲਾਂ ਦਾ ਹੋਵਾਂਗਾ ਪਰ ਰਜਿਸਟ੍ਰੇਸ਼ਨ ਦੀ ਆਖਰੀ ਤਾਰੀਖ 2 ਜੁਲਾਈ ਹੈ। ਕੀ ਮੈਂ ਹੁਣ ਵੋਟਰ ਵਜੋਂ ਰਜਿਸਟਰ ਕਰ ਸਕਦਾ ਹਾਂ?
ਉੱ9: ਜੇ ਤੁਸੀਂ 25 ਸਤੰਬਰ, 2019 ਨੂੰ ਜਾਂ ਉਸ ਤੋਂ ਪਹਿਲਾਂ 18 ਸਾਲ ਦੀ ਉਮਰ ਤੱਕ ਦੇ ਹੋ ਜਾਂਦੇ ਹੋ, ਤਾਂ 2019 ਦੇ ਲਈ ਅੰਤਿਮ ਰਜਿਸਟਰ ਪ੍ਰਕਾਸ਼ਿਤ ਹੁੰਦਾ ਹੈ, ਅਤੇ ਜੇ ਤੁਸੀਂ ਹਾਂਗਕਾਂਗ ਦੇ ਪੱਕੇ ਨਿਵਾਸੀ ਹੋ, ਤਾਂ ਤੁਸੀਂ ਹੁਣ ਇੱਕ ਵੋਟਰ ਵਜੋਂ ਰਜਿਸਟ੍ਰੇਸ਼ਨ ਕਰਨ ਦੇ ਯੋਗ ਹੋ।

ਸਿਖਰ 'ਤੇ ਵਾਪਿਸ ਜਾਓ

ਪ੍ਰ10: ਮੈਂ ਨਜ਼ਦੀਕੀ ਭਵਿੱਖ ਵਿੱਚ ਇੱਕ ਨਵੇਂ ਫਲੈਟ ਵਿੱਚ ਚਲਾ ਜਾਵਾਂਗਾ, ਕੀ ਮੈਂ ਹੁਣ ਆਪਣੇ ਨਵੇਂ ਘਰ ਦੇ ਪਤੇ ਨੂੰ ਰਜਿਸਟ੍ਰੇਸ਼ਨ ਅਤੇ ਚੁਣਾਵੀ ਦਫਤਰ ਨੂੰ ਰਿਪੋਰਟ ਕਰਨਾ ਚਾਹੀਦਾ ਹੈ?
ਉੱ10: ਆਪਣੇ ਨਵੇਂ ਪਤੇ 'ਤੇ ਜਾਣ ਤੋਂ ਬਾਅਦ ਰਜਿਸਟ੍ਰੇਸ਼ਨ ਅਤੇ ਚੋਣ ਦਫਤਰ ਵਿੱਚ, ਤੁਹਾਨੂੰ "ਭੂਗੋਲਿਕ ਚੋਣ ਖੇਤਰ ਵਿੱਚ ਇੱਕ ਵੋਟਰ ਦੇ ਵੇਰਵੇ ਦੀ ਰਿਪੋਰਟ" (REO-2) ਨੂੰ ਪੂਰਾ ਕਰਨਾ ਪਵੇਗਾ ਅਤੇ ਪਿਛਲੇ ਤਿੰਨ ਮਹੀਨਿਆਂ ਵਿੱਚ ਜਾਰੀ ਕੀਤੇ ਗਏ ਪਤੇ ਦੇ ਸਬੂਤ 'ਤੇ ਹਸਤਾਖਰ ਕਰਕੇ ਪੂਰਾ ਫਾਰਮ ਜਮ੍ਹਾਂ ਕਰਨਾ ਹੋਵੇਗਾ। ਜੇ ਤੁਸੀਂ 2019 ਦੇ ਵੋਟਰ ਰਜਿਸਟ੍ਰੇਸ਼ਨ ਚੱਕਰ (ਮਤਲਬ 2 ਜੂਨ 2019 ਤੋਂ ਪਹਿਲਾਂ) ਦੇ ਰਜਿਸਟ੍ਰੇਸ਼ਨ ਵੇਰਵਿਆਂ ਦੇ ਬਦਲਾਅ ਦੀ ਰਿਪੋਰਟ ਦੇ ਲਈ ਕਾਨੂੰਨੀ ਸਮੇਂ ਦੀ ਸੀਮਾ 'ਤੇ ਰਜਿਸਟਰਡ ਪਤੇ ਦੇ ਬਦਲਣ ਲਈ ਅਰਜ਼ੀ ਜਮ੍ਹਾਂ ਕਰਦੇ ਹੋ, ਤਾਂ ਤੁਹਾਡਾ ਨਵਾਂ ਪਤਾ ਵੋਟਰਾਂ ਦੇ ਆਖਰੀ ਰਜਿਸਟ੍ਰੇਸ਼ਨ ਰਜਿਸਟਰ 2019 ਵਿੱਚ ਹੋਵੇਗਾ|

ਸਿਖਰ 'ਤੇ ਵਾਪਿਸ ਜਾਓ

ਪ੍ਰ11: ਕਿਸ ਕਿਸਮ ਦੇ ਦਸਤਾਵੇਜ਼ਾਂ ਨੂੰ ਪਤੇ ਦੇ ਸਬੂਤ ਵਜੋਂ ਸਵੀਕਾਰ ਕੀਤਾ ਜਾਂਦਾ ਹੈ?

ਉੱ11: ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਹੇਠ ਲਿਖੇ ਕਾਗਜ਼ਾਤ ਸਵੀਕਾਰ ਕਰਦਾ ਹੈ ਜਿਨ੍ਹਾਂ ਨੂੰ ਪਿਛਲੇ ਤਿੰਨ ਮਹੀਨਿਆਂ ਦੇ ਅੰਦਰ ਜਾਰੀ ਕੀਤੇ ਗਏ ਹਨ (ਰਜਿਸਟ੍ਰੇਸ਼ਨ ਅਤੇ ਚੋਣ ਦਫਤਰ ਦੁਆਰਾ ਪ੍ਰਾਪਤ ਹੋਣ ਦੀ ਮਿਤੀ ਨੂੰ ਫਾਰਮ ਜਮ੍ਹਾਂ ਕਰਨ ਦੀ ਮਿਤੀ ਵਜੋਂ ਮੰਨਿਆ ਜਾਵੇਗਾ), ਜੋ ਜਾਰੀ ਕਰਨ ਦੀ ਤਾਰੀਖ ਅਤੇ ਪਤੇ ਦੀ ਵੈਧ ਪ੍ਰਮਾਣਿਕਤਾ ਦੇ ਰੂਪ ਵਿੱਚ ਜਾਰੀ ਕਰਨ ਵਾਲੇ ਸੰਗਠਨ ਦਾ ਨਾਮ ਧਾਰਨ ਕਰਦਾ ਹੈ। ਸੰਬੰਧਿਤ ਦਸਤਾਵੇਜ਼ਾਂ ਵਿੱਚ ਵੋਟਰ ਦਾ ਨਾਮ ਅਤੇ ਮੁੱਖ ਨਿਵਾਸ ਦਾ ਪਤਾ ਵੀ ਸ਼ਾਮਲ ਹੋਣਾ ਚਾਹੀਦਾ ਹੈ (ਦਸਤਾਵੇਜ਼ ਤੇ ਛਪੇ ਨਾਮ ਅਤੇ ਪਤਾ ਅਰਜ਼ੀ ਫਾਰਮ ਵਿੱਚ ਦਿੱਤੇ ਗਏ ਵੇਰਵਿਆਂ ਅਨੁਸਾਰ ਹੀ ਹੋਣਾ ਚਾਹੀਦਾ ਹੈ):

1. ਜਨਤਕ ਸੰਸਥਾਵਾਂ ਦੁਆਰਾ ਜਾਰੀ ਬਿੱਲ ਜਾਂ ਚਲਾਨ (ਉਦਾਹਰਣ ਲਈ, ਪਾਣੀ, ਬਿਜਲੀ ਜਾਂ ਟਾਊਨ ਗੈਸ ਸੇਵਾਵਾਂ ਲਈ ਉਪਯੋਗਤਾ ਬਿੱਲ);

2. ਸਰਕਾਰੀ ਵਿਭਾਗਾਂ ਜਾਂ ਨਿਆਪਾਲਿਕਾ ਵੱਲੋਂ ਪੱਤਰ-ਵਿਹਾਰ;
3. ਬੈਕਾਂ, ਬੀਮਾ ਕੰਪਨੀਆਂ ਜਾਂ ਜ਼ਰੂਰੀ ਪ੍ਰੋਵਿਡੈਂਟ ਫੰਡ ਪ੍ਰਵਾਨਿਤ ਟ੍ਰਸਟੀ ਦੁਆਰਾ ਜਾਰੀ ਕੀਤੇ ਸਟੇਟਮੈਂਟ ਜਾਂ ਪੱਤਰ ਵਿਹਾਰ;
4. ਲੈਂਡਲਾਈਨ ਟੈਲੀਫ਼ੋਨ, ਮੋਬਾਈਲ ਫੋਨ ਦੇ ਬਿਲ, ਭੁਗਤਾਨ ਵਾਲੀਆਂ ਟੈਲੀਵਿਜ਼ਨ ਜਾਂ ਇੰਟਰਨੈਟ ਸੇਵਾਵਾਂ;
5. ਸਥਾਨਕ ਪੋਸਟ-ਸੈਕੰਡਰੀ ਸੰਸਥਾਨਾਂ ਦੁਆਰਾ ਜਾਰੀ ਦਸਤਾਵੇਜ਼ ਜਾਂ ਬਿੱਲ, ਜਿਸ ਨੂੰ ਵੋਟਰ ਦੇ ਰਿਹਾਇਸ਼ੀ ਪਤੇ ਦੀ ਪੁਸ਼ਟੀ ਕਰਨ ਲਈ ਭਰੋਸੇ ਦੇ ਤੌਰ ਤੇ ਰੱਖਿਆ ਜਾ ਸਕਦਾ ਹੈ;
6. ਵੈਧ ਅਤੇ "ਸਟੈਂਪਡ" (ਸਟੈਂਪ ਡਿਊਟੀ ਲਈ) ਕਿਰਾਏਦਾਰੀ ਸਮਝੌਤਾ (ਬਿਨੈ-ਪੱਤਰ ਜਮ੍ਹਾਂ ਕਰਵਾਉਣ ਦੀ ਤਰੀਕ ਤੋਂ 3 ਮਹੀਨਿਆਂ ਦੇ ਅੰਦਰ-ਅੰਦਰ ਜਾਰੀ ਕੀਤੇ ਜਾਣ ਦੀ ਕਸੌਟੀ ਲਾਜ਼ਮੀ ਨਹੀਂ ਹੈ ਪਰ ਅਜਿਹੇ ਕਿਰਾਏਦਾਰੀ ਨੂੰ ਅਰਜ਼ੀ ਦੀ ਤਾਰੀਖ਼ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ); ਜਾਂ
7. ਜਨਤਕ ਅਦਾਰੇ ਜਿਵੇਂ ਕਿ ਹਸਪਤਾਲ ਅਥਾਰਟੀ, ਹਾਊਸਿੰਗ ਡਿਪਾਰਟਮੈਂਟ, ਹਾਂਗਕਾਂਗ ਹਾਊਸਿੰਗ ਸੁਸਾਇਟੀ, ਹਾਂਗਕਾਂਗ ਪ੍ਰੀਖਿਆ ਅਤੇ ਅਸੈਸਮੈਂਟ ਅਥਾਰਿਟੀ ਆਦਿ ਵੱਲੋਂ ਜਾਰੀ ਦਸਤਾਵੇਜ਼, ਪੱਤਰ, ਪੱਤਰ ਜਾਂ ਹੋਰ ਦਸਤਾਵੇਜ਼।

ਸਿਖਰ ‘ਤੇ ਵਾਪਿਸ ਜਾਓ

ਪ੍ਰ12: ਜੇ ਮੈਂ ਪਤੇ ਦੇ ਸਬੂਤ ਦੇ ਤੌਰ ‘ਤੇ ਆਪਣੇ ਨਾਮ ਅਤੇ ਰਿਹਾਇਸ਼ੀ ਪਤੇ ਦੇ ਦਸਤਾਵੇਜ਼ਾਂ ਨੂੰ ਪ੍ਰਦਾਨ ਨਹੀਂ ਕਰ ਸਕਦਾ, ਤਾਂ ਮੈਂ ਕਿਹੜੇ ਵਿਕਲਪਿਕ ਦਸਤਾਵੇਜ਼ਾਂ ਨੂੰ ਪ੍ਰਮਾਣਿਤ ਪਤੇ ਦੇ ਸਬੂਤ ਵਜੋਂ ਪੇਸ਼ ਕਰ ਸਕਦਾ ਹਾਂ?
ਉੱ12: ਵੋਟਰ ਦੇ ਆਪਣੇ ਪਤੇ ਦੇ ਸਬੂਤ ਤੋਂ ਇਲਾਵਾ, ਰਜਿਸਟ੍ਰੇਸ਼ਨ ਅਤੇ ਚੋਣ ਦਫਤਰ ਨੀਚੇ ਦਿੱਤੇ ਪਿਛਲੇ ਤਿੰਨ ਮਹੀਨਿਆਂ ਦੇ ਅੰਦਰ ਜਾਰੀ ਕੀਤੇ ਗਏ ਦਸਤਾਵੇਜਾਂ ਨੂੰ ਵੀ ਸਵੀਕਾਰ ਕਰਦਾ ਹੈ (ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਦੁਆਰਾ ਰਸੀਦ ਪ੍ਰਾਪਤ ਹੋਣ ਦੀ ਤਾਰੀਖ ਫਾਰਮ ਜਮ੍ਹਾਂ ਕਰਨ ਦੀ ਮਿਤੀ ਵਜੋਂ ਮੰਨੀ ਜਾਵੇਗੀ), ਜੋ ਪਤੇ ਦੇ ਵੈਧ ਪ੍ਰਮਾਣ ਦੇ ਰੂਪ ਵਿੱਚ ਜਾਰੀ ਕਰਨ ਦੀ ਮਿਤੀ ਅਤੇ ਸੰਗਠਨ ਦਾ ਨਾਮ ਧਾਰਨ ਕਰਦਾ ਹੈ:

•ਕਿਸੇ ਪਤੇ ਦਾ ਸਬੂਤ ਜਿਹੜਾ ਵੋਟਰ ਦੇ ਨਾਲ ਰਹਿ ਰਹੇ ਵਿਅਕਤੀ ਦਾ ਨਾਂ ਅਤੇ ਰਿਹਾਇਸ਼ੀ ਪਤਾ ਹੈ, ਅਤੇ ਇਸ ਗੱਲ ਦੀ ਪੁਸ਼ਟੀ ਕਰਨ ਲਈ ਕਿ ਕੋਈ ਵਿਅਕਤੀ ਉਪਰੋਕਤ ਪਤੇ ਤੇ ਵੋਟਰ ਨਾਲ ਰਹਿ ਰਿਹਾ ਹੈ ਅਤੇ ਇਹ ਪੁਸ਼ਟੀ ਕਰਨ ਲਈ ਵੋਟਰ ਦੁਆਰਾ ਦਸਤਖਤ ਕੀਤੀ ਗਈ ਘੋਸ਼ਣਾ ਕਿ ਅਜਿਹਾ ਕੋਈ ਹੋਰ ਵਿਅਕਤੀ ਉਪਰੋਕਤ ਪਤੇ 'ਤੇ ਵੋਟਰ ਦੇ ਨਾਲ ਰਹਿ ਰਿਹਾ ਹੈ ਅਤੇ ਨਾਲ ਜੁੜੇ ਹੋਏ ਪਤੇ ਦੇ ਸਬੂਤ ਮੂਲ ਦੀ ਪੂਰੀ ਨਕਲ ਜਾਂ ਅਸਲ ਕਾਪੀ ਹੈ। ਘੋਸ਼ਣਾ ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ (http://www.reo.gov.hk/en/voter/dra.htm) ਦੀ ਵੈਬਸਾਈਟ ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ।
•ਜੇ ਵੋਟਰ ਉੱਪਰ ਦੱਸੇ ਗਏ ਕਿਸੇ ਵੀ ਦਸਤਾਵੇਜ਼ ਨੂੰ ਤਿਆਰ ਨਹੀਂ ਕਰ ਸਕਦਾ ਹੈ, ਤਾਂ ਫਿਰ ਰਜਿਸਟ੍ਰੇਸ਼ਨ ਅਤੇ ਚੋਣ ਦਫਤਰ ਦੀ ਸਹੁੰ ਅਤੇ ਘੋਸ਼ਣਾ ਨਿਯਮ (Cap. 11) ਦੇ ਆਧਾਰ 'ਤੇ ਦਾਅਵੇ ਨੂੰ ਸਾਬਤ ਕਰਨ ਲਈ, ਸਹੁੰ / ਅਭਿਆਸ ਕਰਨ ਵਾਲੇ ਵਕੀਲ / ਸ਼ਾਂਤੀਪੂਰਵਕ ਨਿਆਂ ਕਮਿਸ਼ਨਰ ਸਾਹਮਣੇ ਵੋਟਰ ਦੁਆਰਾ ਕੀਤੀ ਗਈ ਕਾਨੂੰਨੀ ਘੋਸ਼ਣਾ ਨੂੰ ਵੀ ਸਵੀਕਾਰ ਕਰਦਾ ਹੈ। ਜ਼ਿਲ੍ਹਾ ਦਫਤਰਾਂ ਵਿੱਚ ਕਾਨੂੰਨੀ ਘੋਸ਼ਣਾਵਾਂ ਕਰਨ ਲਈ ਮੁਫ਼ਤ ਸੇਵਾ ਉਪਲੱਬਧ ਹੈ। ਕਨੂੰਨੀ ਘੋਸ਼ਣਾ ਦਾ ਨਮੂਨਾ ਰਜਿਸਟ੍ਰੇਸ਼ਨ ਅਤੇ ਚੋਣ ਦਫਤਰ (http://www.reo.gov.hk/en/voter/dra.htm) ਦੀ ਵੈਬਸਾਈਟ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

ਸਿਖਰ ‘ਤੇ ਵਾਪਿਸ ਜਾਓ

ਪ੍ਰ13: ਜੇ ਮੇਰਾ ਨਵਾਂ ਘਰ ਆਵਾਸ ਵਿਭਾਗ ਦੇ ਅਧੀਨ ਪਬਲਿਕ ਕਿਰਾਏ ਦੇ ਆਵਾਸ ਵਿੱਚ ਜਾਂ ਹਾਂਗਕਾਂਗ ਆਵਾਸ ਸੋਸਾਇਟੀ ਦੇ ਅਧੀਨ ਸਬਸਿਡੀ ਵਾਲੀ ਰਿਹਾਇਸ਼ ਵਿੱਚ ਇੱਕ ਫਲੈਟ ਹੈ, ਕੀ ਮੈਂ ਪਤੇ ਦੇ ਪਰਿਵਰਤਨ ਲਈ ਅਰਜ਼ੀ ਦੇਣ ਸਮੇਂ ਪਤੇ ਦੀ ਪੁਸ਼ਟੀ ਤੋਂ ਛੋਟ ਪ੍ਰਾਪਤ ਕਰ ਸਕਦਾ ਹਾਂ?

ਉੱ13: ਆਵਾਸ ਵਿਭਾਗ ਅਧੀਨ ਜਨਤਕ ਕਿਰਾਏ ਦੇ ਘਰਾਂ ਦੇ ਅਧਿਕਾਰਤ ਨਿਵਾਸੀ ਜਾਂ ਹਾਂਗਕਾਂਗ ਹਾਊਸਿੰਗ ਸੁਸਾਇਟੀ ਦੇ ਤਹਿਤ ਸਬਸਿਡੀ ਵਾਲੇ ਆਵਾਸ ਵਿੱਚ ਰਜਿਸਟਰਡ ਨਿਵਾਸੀ ਵਾਲੇ ਵੋਟਰ, ਜੋ ਰਜਿਸਟਰਡ ਪਤੇ ਦੇ ਬਦਲਾਅ ਲਈ ਅਰਜ਼ੀ ਦੇ ਰਹੇ ਹਨ, ਅਤੇ ਕਿਰਾਏਦਾਰ ਰਿਕਾਰਡ ਵਿੱਚ ਦਰਜ ਪਤੇ ਵੋਟਰਾਂ ਦੁਆਰਾ ਪ੍ਰਦਾਨ ਕੀਤੇ ਗਏ ਰਿਹਾਇਸ਼ੀ ਪਤੇ ਨਾਲ ਮਿਲਦੇ ਹਨ, ਅਜਿਹੇ ਵੋਟਰਾਂ ਨੂੰ ਪਤੇ ਦੇ ਸਬੂਤ ਤੋਂ ਛੋਟ ਦਿੱਤੀ ਜਾਂਦੀ ਹੈ।

ਹਾਲਾਂਕਿ, ਮਕਾਨ ਮਾਲਕੀ ਸਕੀਮ, ਗ੍ਰੀਨ ਫਾਰਮ ਸਬਸਿਡੀ ਮਕਾਨ ਮਾਲਕੀ ਸਕੀਮ ਜਾਂ ਜਨਤਕ ਰਿਹਾਇਸ਼ੀ ਇਕਾਈਆਂ ਦੇ ਤਹਿਤ, ਜੇਕਰ ਆਵਾਸ ਇਕਾਈਆਂ ਵਸਨੀਕਾਂ ਨੂੰ ਵੇਚੀਆਂ ਗਈਆਂ ਹਨ (ਉਦਾਹਰਨ ਲਈ ਕਿਰਾਏਦਾਰਾਂ ਦੀ ਖਰੀਦ ਯੋਜਨਾ ਦੇ ਅਧੀਨ ਫਲੈਟ), ਤਾਂ ਉਹ ਸੰਭਾਵਿਤ ਤੌਰ 'ਤੇ ਛੋਟ ਦੇ ਦਾਇਰੇ ਤੋਂ ਬਾਹਰ ਆਉਂਦੇ ਹਨ ਅਤੇ ਸੰਬੰਧਿਤ ਵੋਟਰਾਂ ਨੂੰ ਇਸ ਦੇ ਸਹੀ ਪਤੇ ਦਾ ਸਬੂਤ ਮੁਹੱਈਆ ਕਰਨਾ ਚਾਹੀਦਾ ਹੈ।

ਉਨ੍ਹਾਂ ਮਾਮਲਿਆਂ ਲਈ ਜਿੱਥੇ ਵੋਟਰ ਰਜਿਸਟ੍ਰੇਸ਼ਨ ਅਧਿਕਾਰੀ ਸੰਬੰਧਿਤ ਵਿਭਾਗ / ਸੰਸਥਾ ਨਾਲ ਮੇਲ ਖਾਂਦੇ ਡੇਟਾ ਵਿੱਚ ਵੋਟਰ ਦੇ ਵੇਰਵੇ ਦੀ ਜਾਂਚ ਨਹੀਂ ਕਰ ਸਕਦਾ ਹੈ, ਚੋਣ ਕਮਿਸ਼ਨ (ਵੋਟਰਾਂ ਦੀ ਰਜਿਸਟ੍ਰੇਸ਼ਨ) (ਵਿਧਾਨ ਪਰਿਸ਼ਦ ਭੂਗੋਲਿਕ ਚੋਣ ਖੇਤਰ) (ਜ਼ਿਲ੍ਹਾ ਪਰਿਸ਼ਦ ਚੋਣ ਖੇਤਰ) ਰੈਗੂਲੇਸ਼ਨ (Cap. 541 A) ਦੀ ਧਾਰਾ 10 A ਦੇ ਤਹਿਤ ਚੋਣ ਰਜਿਸਟ੍ਰੇਸ਼ਨ ਅਧਿਕਾਰੀ ਰਜਿਸਟਰ ਕੀਤੇ ਪਤੇ ਵਿੱਚ ਤਬਦੀਲੀ ਲਈ ਅਰਜ਼ੀ ਦਿੰਦੇ ਸਮੇਂ ਵੋਟਰ ਤੋਂ ਪਤੇ ਦਾ ਸਬੂਤ ਮੁਹੱਈਆ ਕਰਨ ਦੀ ਬੇਨਤੀ ਕਰ ਸਕਦਾ ਹੈ।

ਸਿਖਰ ‘ਤੇ ਵਾਪਿਸ ਜਾਓ

ਪ੍ਰ14: ਜੇ ਮੈਂ ਜਾਣਦਾ ਹਾਂ ਕਿ ਕੋਈ ਵਿਅਕਤੀ ਵੋਟਰ ਰਜਿਸਟ੍ਰੇਸ਼ਨ ਲਈ ਝੂਠੀ ਜਾਣਕਾਰੀ ਦਿੰਦਾ ਹੈ, ਤਾਂ ਮੈਂ ਸਰਕਾਰੀ ਵਿਭਾਗਾਂ ਨੂੰ ਕਿਵੇਂ ਸੂਚਿਤ ਕਰ ਸਕਦਾ ਹਾਂ?
ਉੱ14: ਵੋਟਰ ਰਜਿਸਟ੍ਰੇਸ਼ਨ ਦੀ ਵਰਤਮਾਨ ਪ੍ਰਣਾਲੀ ਵਿਅਕਤੀਆਂ ਦੇ ਰਜਿਸਟਰੀਕਰਣ ਕਰਨ ਵਿੱਚ ਮਦਦ ਕਰਨ ਲਈ ਇਮਾਨਦਾਰੀ ਨਾਲ ਵੇਰਵਿਆਂ ਨੂੰ ਰਿਕਾਰਡ ਕਰਨ ਲਈ ਇੱਕ ਵਿਧੀ 'ਤੇ ਨਿਰਭਰ ਕਰਦੀ ਹੈ। ਰਜਿਸਟ੍ਰੇਸ਼ਨ ਲਈ ਯੋਗ ਵਿਅਕਤੀਆਂ ਨੂੰ ਰਜਿਸਟ੍ਰੇਸ਼ਨ ਲਈ ਜਾਂ ਰਜਿਸਟਰਡ ਵੋਟਰਾਂ ਨੂੰ ਰਜਿਸਟ੍ਰੇਸ਼ਨ ਵੇਰਵਿਆਂ ਦੇ ਬਦਲਾਅ ਦੀ ਰਿਪੋਰਟਿੰਗ ਵਿੱਚ ਸਹੀ ਅਤੇ ਸਟੀਕ ਜਾਣਕਾਰੀ ਦੇਣੀ ਚਾਹੀਦੀ ਹੈ। ਜੇਕਰ ਜਨਤਾ ਦੇ ਮੈਂਬਰ ਸ਼ੱਕ ਦੇ ਮਾਮਲੇ ਅਧੀਨ ਆਉਂਦੇ ਹਨ, ਤਾਂ ਉਹ ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਵਿੱਚ ਸ਼ਿਕਾਇਤ ਦਰਜ ਕਰ ਸਕਦੇ ਹਨ, ਜਿਸ ਦੀ ਉਹ ਤੁਰੰਤ ਪਾਲਣਾ ਕਰਨਗੇ ਅਤੇ ਮਾਮਲੇ ਨੂੰ ਕਾਨੂੰਨ ਦੀ ਪਾਲਣਾ ਕਰਨ ਵਾਲੀਆਂ ਏਜੰਸੀਆਂ ਨੂੰ ਉਚਿਤ ਜਾਂਚ ਲਈ ਦੇਣਗੇ। ਆਮ ਲੋਕਾਂ ਨੂੰ ਕਾਨੂੰਨ ਦੀ ਉਲੰਘਣਾ ਨਹੀਂ ਕਰਨੀ ਚਾਹੀਦੀ।

ਸਿਖਰ ‘ਤੇ ਵਾਪਿਸ ਜਾਓ

ਪ੍ਰ15: ਜੇ ਕੋਈ ਵੋਟਰ ਰਜਿਸਟ੍ਰੇਸ਼ਨ ਦੇ ਲਈ ਰਜਿਸਟ੍ਰੇਸ਼ਨ ਅਤੇ ਚੁਣਾਵੀ ਦਫਤਰ ਨੂੰ ਗਲਤ ਰਿਹਾਇਸ਼ੀ ਪਤਾ ਪ੍ਰਦਾਨ ਕਰਦਾ ਹੈ, ਜਾਂ ਰਜਿਸਟਰਡ ਪਤੇ ਦੇ ਬਦਲਾਵ ਲਈ ਅਰਜ਼ੀ ਦੇਣ ਸਮੇਂ ਗਲਤ ਪਤੇ ਦੇ ਦਸਤਾਵੇਜ਼ ਸਬੂਤ ਦੇ ਤੌਰ ‘ਤੇ ਦਿੰਦਾ ਹੈ ਅਤੇ ਬਾਅਦ ਵਿੱਚ ਕਿਸੇ ਚੋਣ 'ਤੇ ਵੋਟਾਂ ਪਾਉਂਦਾ ਹੈ ਤਾਂ ਉਹ ਕਿਸ ਕਾਨੂੰਨ ਦਾ ਉਲੰਘਣ ਹੋਵੇਗਾ?
ਉੱ15: ਜਾਣ-ਬੁੱਝ ਕੇ ਜਾਂ ਲਾਪਰਵਾਹੀ ਨਾਲ ਰਜਿਸਟ੍ਰੇਸ਼ਨ ਅਤੇ ਚੋਣ ਦਫਤਰ ਨੂੰ ਗਲਤ ਜਾਂ ਗੁੰਮਰਾਹ ਕਰਨ ਵਾਲੀ ਜਾਣਕਾਰੀ (ਜਿਵੇਂ ਕਿ ਗਲਤ ਰਿਹਾਇਸ਼ੀ ਪਤਾ) ਪ੍ਰਦਾਨ ਕਰਦਾ ਹੈ, ਭਾਵੇਂ ਉਹ ਵਿਅਕਤੀ ਚੋਣ ਵਿੱਚ ਵੋਟਿੰਗ ਕਰਦਾ ਹੈ ਜਾਂ ਨਹੀਂ, ਕਾਨੂੰਨ ਦੇ ਤਹਿਤ ਅਪਰਾਧ ਕਰਦਾ ਹੈ। ਜੇਕਰ ਵਿਅਕਤੀ ਇਸ ਤੋਂ ਬਾਅਦ ਵੀ ਚੋਣਾਂ ਵਿੱਚ ਵੋਟਿੰਗ ਕਰਦਾ ਹੈ, ਤਾਂ ਉਹ ਚੋਣ (ਭ੍ਰਿਸ਼ਟ ਅਤੇ ਗ਼ੈਰ-ਕਾਨੂੰਨੀ) ਆਰਡੀਨੈਂਸ (Cap.

554) ਦੀ ਧਾਰਾ 16 ਦੀ ਉਲੰਘਣਾ ਕਰਦਾ ਹੈ, ਜਿਸ ਨੂੰ ਭ੍ਰਿਸ਼ਟਾਚਾਰ ਦੇ ਖਿਲਾਫ ਇੱਕ ਸੁਤੰਤਰ ਕਮਿਸ਼ਨ ਦੁਆਰਾ ਲਾਗੂ ਕੀਤਾ ਜਾਂਦਾ ਹੈ। ਵੱਧ ਤੋਂ ਵੱਧ ਸਜ਼ਾ $500,000 ਦਾ ਜੁਰਮਾਨਾ ਅਤੇ 7 ਸਾਲਾਂ ਲਈ ਕੈਦ ਹੈ।

ਇਸ ਤੋਂ ਇਲਾਵਾ, ਜੇ ਕੋਈ ਵੋਟਰ ਇਰਾਦੇ ਨਾਲ ਗਲਤ ਪਤੇ ਦਾ ਪ੍ਰਮਾਣ ਪੇਸ਼ ਕਰਦਾ ਹੈ ਜਾਂ ਇਸ ਲਈ ਪ੍ਰਦਾਨ ਕਰਦਾ ਹੈ ਤਾਂ ਕਿ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਇਸ ਪਤੇ ਨੂੰ ਪ੍ਰਮਾਣਿਤ ਸਬੂਤ ਵਜੋਂ ਸਵੀਕਾਰ ਕਰੇਗਾ, ਉਸ ਨੇ ਧੋਖਾਧੜੀ ਦਾ ਅਪਰਾਧ ਕੀਤਾ ਹੈ। ਜੁਰਮ ਆਰਡੀਨੈਂਸ (Cap. 200) ਦੀ ਧਾਰਾ 71 ਅਨੁਸਾਰ, ਉਹ ਵਿਅਕਤੀ ਜੋ ਧੋਖਾਧੜੀ ਦਾ ਅਪਰਾਧ ਕਰਦਾ ਹੈ, ਦੋਸ਼ੀ ਹੋਣ ਤੇ ਉਹ 14 ਸਾਲ ਤੱਕ ਦੀ ਕੈਦ ਲਈ ਜ਼ਿੰਮੇਵਾਰ ਹੈ।

ਸਿਖਰ ‘ਤੇ ਵਾਪਿਸ ਜਾਓ

ਪ੍ਰ16: ਮੈਂ ਮੇਨਲੈਂਡ ਤੋਂ ਨਵਾਂ ਆਇਆ ਹਾਂ। ਕੀ ਮੈਂ ਇੱਕ ਵੋਟਰ ਦੇ ਤੌਰ ‘ਤੇ ਰਜਿਸਟਰ ਕਰ ਸਕਦਾ ਹਾਂ?
ਉੱ16: 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸਾਰੇ ਹਾਂਗਕਾਂਗ ਦੇ ਪੱਕੇ ਨਿਵਾਸੀ, ਜੋ ਆਮ ਤੌਰ 'ਤੇ ਹਾਂਗਕਾਂਗ ਵਿੱਚ ਰਹਿੰਦੇ ਹਨ, ਵੋਟਰ ਦੇ ਤੌਰ 'ਤੇ ਰਜਿਸਟ੍ਰੇਸ਼ਨ ਲਈ ਅਰਜ਼ੀ ਦੇ ਸਕਦੇ ਹਨ।

ਸਿਖਰ ‘ਤੇ ਵਾਪਿਸ ਜਾਓ

ਪ੍ਰ17: ਮੈਨੂੰ ਕਿਵੇਂ ਪਤਾ ਲੱਗੇਗਾ ਕਿ ਵੋਟਰਾਂ ਦੇ ਰਜਿਸਟਰ 'ਤੇ ਮੇਰੇ ਰਿਕਾਰਡ ਸਹੀ ਤਰੀਕੇ ਨਾਲ ਦਰਜ ਹੋਏ ਹਨ?
ਉੱ17: 25 ਜੁਲਾਈ 2018 ਤੋਂ ਜਨਤਕ ਮੁਲਾਂਕਣ ਲਈ ਵੋਟਰਾਂ ਦਾ ਅੰਤਿਮ ਰਜਿਸਟਰ ਮੁਫ਼ਤ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਸੀ। ਰਜਿਸਟਰਡ ਵੋਟਰ ਇਹ ਜਾਂਚ ਕਰ ਸਕਦੇ ਹਨ ਕਿ ਉਨ੍ਹਾਂ ਦੇ ਰਜਿਸਟ੍ਰੇਸ਼ਨ ਵੇਰਵੇ ਵੋਟਰਾਂ ਦੇ ਰਜਿਸਟਰ ਵਿੱਚ ਸਹੀ ਢੰਗ ਨਾਲ ਦਰਜ ਕੀਤੇ ਗਏ ਹਨ ਜਾਂ ਨਹੀਂ। ਤੁਸੀਂ ਔਨਲਾਈਨ ਵੋਟਰ ਸੂਚਨਾ ਜਾਂਚ ਪ੍ਰਣਾਲੀ (www.voterinfo.gov.hk) ਰਾਹੀਂ ਆਪਣੇ ਨਵੀਨਤਮ ਰਜਿਸਟ੍ਰੇਸ਼ਨ ਵੇਰਵੇ ਦੇਖ ਸਕਦੇ ਹੋ ਜਾਂ ਚੋਣ ਦਫਤਰ ਦੀ ਹਾਟਲਾਈਨ ਨੂੰ 2891 1001 ‘ਤੇ ਫ਼ੋਨ ਕਰ ਸਕਦੇ ਹੋ।

ਸਿਖਰ ‘ਤੇ ਵਾਪਿਸ ਜਾਓ

ਪ੍ਰ18: ਕੀ ਰਜਿਸਟਰ ਯੋਗ ਵਿਅਕਤੀ ਕਾਰਜਕਾਰੀ ਚੋਣ ਖੇਤਰ / ਚੋਣ ਕਮੇਟੀ ਉੱਪ-ਖੇਤਰ ਦੇ ਵੋਟਰਾਂ ਵਜੋਂ ਅਜੇ ਵੀ ਰਜਿਸਟਰ ਹੋ ਸਕਦੇ ਹਨ?
ਉੱ18: ਜੋ ਲੋਕ ਕਾਰਜਕਾਰੀ ਚੋਣ ਖੇਤਰਾਂ / ਚੋਣ ਕਮੇਟੀ ਦੇ ਉੱਪ-ਖੇਤਰਾਂ ਲਈ ਰਜਿਸਟਰ ਹੋਣ ਦੇ ਯੋਗ ਹਨ ਉਹ ਅਜੇ ਵੀ ਰਜਿਸਟਰ ਕਰ ਸਕਦੇ ਹਨ। ਜੇ ਉਹ 2 ਜੁਲਾਈ 2019 ਨੂੰ ਜਾਂ ਇਸ ਤੋਂ ਪਹਿਲਾਂ ਆਪਣੇ ਅਰਜ਼ੀ ਫਾਰਮ ਦਿੰਦੇ ਹਨ, ਤਾਂ ਉਨ੍ਹਾਂ ਦੇ ਨਾਮ ਸਤੰਬਰ 2019 ਵਿੱਚ ਪ੍ਰਕਾਸ਼ਿਤ ਕੀਤੇ ਜਾਣ ਵਾਲੇ ਕਾਰਜਕਾਰੀ ਚੋਣ ਖੇਤਰ ਦੇ ਆਖਰੀ ਰਜਿਸਟਰ / ਉੱਪ-ਖੇਤਰ ਦੇ ਆਖਰੀ ਖੇਤਰ ਵਿੱਚ ਦਰਜ ਕੀਤੇ ਜਾਣਗੇ। ਜੇ ਉਹ ਸਮੇਂ ਦੀ ਸੀਮਾ ਤੋਂ ਬਾਅਦ ਅਜਿਹਾ ਕਰਦੇ ਹਨ, ਤਾਂ ਉਨ੍ਹਾਂ ਦੇ ਨਾਂ ਸਿਰਫ ਅਗਲੇ ਸਾਲ ਪ੍ਰਕਾਸ਼ਿਤ ਹੋਣ ਵਾਲੇ ਵੋਟਰਾਂ ਦੇ ਰਜਿਸਟਰ ਵਿੱਚ ਦਰਜ ਕੀਤੇ ਜਾ ਸਕਦੇ ਹਨ।

ਕਾਰਜਕਾਰੀ ਚੋਣ ਖੇਤਰ ਦੇ ਲਈ ਇੱਕ ਵੋਟਰ ਦੇ ਰੂਪ ਵਿੱਚ ਰਜਿਸਟ੍ਰੇਸ਼ਨ ਦੇ ਵੇਰਵੇ ਲਈ / ਚੋਣ ਕਮੇਟੀ ਦੇ ਉਪ-ਖੇਤਰ ਦੇ ਵੋਟਰ, ਕ੍ਰਿਪਾ ਕਰਕੇ ਇੱਥੇ ਕਲਿੱਕ ਕਰੋ| [FC/FS ਰਜਿਸਟ੍ਰੇਸ਼ਨ ਬਾਰੇ ਅਕਸਰ ਪੁੱਛੇ ਜਾਂਦੇ ਪ੍ਰਸ਼ਨਾਂ ਲਈ ਹਾਈਪਰਲਿੰਕ]

ਸਿਖਰ ‘ਤੇ ਵਾਪਿਸ ਜਾਓ

ਪ੍ਰ19: ਕੀ ਮੇਰੇ ਨਿੱਜੀ ਡੇਟਾ ਦੀ ਦੁਰਵਰਤੋਂ ਦੇ ਖਿਲਾਫ ਸੁਰੱਖਿਆ ਦਾ ਕੋਈ ਉਪਾਅ ਹੈ?
ਉੱ19: ਤੁਸੀਂ ਭਰੋਸਾ ਦਿੱਤਾ ਜਾਂਦਾ ਹੈ ਕਿ ਇੱਕ ਵੋਟਰ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਸਿਰਫ ਵੋਟਰ ਰਜਿਸਟ੍ਰੇਸ਼ਨ ਅਤੇ ਚੋਣ ਸੰਬੰਧੀ ਮਕਸਦਾਂ ਲਈ ਵਰਤੀ ਜਾਵੇਗੀ। ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਨੇ ਇਹ ਯਕੀਨੀ ਬਣਾਉਣ ਲਈ ਹਰ ਸੰਭਵ ਮਾਧਿਅਮ ਅਪਣਾਇਆ ਹੈ ਕਿ ਅਜਿਹੇ ਡੇਟਾ ਦੀ ਦੁਰਵਰਤੋਂ ਨਹੀਂ ਕੀਤੀ ਜਾਵੇਗੀ। ਜਨਤਕ ਮੁਲਾਂਕਣ ਲਈ ਪ੍ਰਕਾਸ਼ਿਤ ਰਜਿਸਟਰ ਵਿੱਚ ਵਿਅਕਤੀਆਂ ਦਾ ਨਾਮ ਅਤੇ ਰਿਹਾਇਸ਼ੀ ਪਤਾ ਹੁੰਦਾ ਹੈ, ਪਰ ਉਨ੍ਹਾਂ ਦਾ ਪਛਾਣ ਪੱਤਰ ਨੰਬਰ ਜਾਂ ਸੰਪਰਕ ਟੈਲੀਫੋਨ ਨੰਬਰ ਨਹੀਂ ਹੁੰਦੇ ਹਨ। ਚੋਣ ਨਾਲ ਸੰਬੰਧਿਤ ਉਦੇਸ਼ ਤੋਂ ਇਲਾਵਾ, ਕਿਸੇ ਵੀ ਉਦੇਸ਼ ਲਈ ਰਜਿਸਟ੍ਰੇਸ਼ਨ ਰਜਿਸਟਰ ਦੀ ਕੋਈ ਵੀ ਜਾਣਕਾਰੀ ਮੌਜੂਦਾ ਚੋਣ ਕਾਨੂੰਨ ਦੇ ਤਹਿਤ ਅਪਰਾਧ ਹੈ, ਅਤੇ ਸਤਰ 2 ਦਾ ਜੁਰਮਾਨਾ ਅਤੇ 6 ਮਹੀਨਿਆਂ ਦੀ ਕੈਦ ਲਈ ਜਿੰਮੇਵਾਰ ਹੈ।

ਸਿਖਰ ‘ਤੇ ਵਾਪਿਸ ਜਾਓ

ਪ੍ਰ20: ਮੈਂ ਨਵੇਂ ਵੋਟਰ ਰਜਿਸਟ੍ਰੇਸ਼ਨ / ਰਜਿਸਟ੍ਰੇਸ਼ਨ ਵੇਰਵਿਆਂ ਦੇ ਬਦਲਾਵ ਲਈ ਇਕ ਅਰਜ਼ੀ ਜਮ੍ਹਾਂ ਕੀਤੀ ਹੈ| ਮੈਨੂੰ ਕਿਵੇਂ ਪਤਾ ਲੱਗੇਗਾ ਕਿ ਰਜਿਸਟ੍ਰੇਸ਼ਨ ਅਤੇ ਚੋਣ ਦਫਤਰ ਨੇ ਮੇਰੀ ਅਰਜ਼ੀ 'ਤੇ ਕਾਰਵਾਈ ਕੀਤੀ ਹੈ?
ਉੱ20: ਰਜਿਸਟ੍ਰੇਸ਼ਨ ਅਤੇ ਚੋਣ ਦਫਤਰ ਨਵੇਂ ਵੋਟਰ ਰਜਿਸਟ੍ਰੇਸ਼ਨ ਜਾਂ ਰਜਿਸਟ੍ਰੇਸ਼ਨ ਵੇਰਵਿਆਂ ਵਿੱਚ ਬਦਲਾਅ ਲਈ ਅਰਜ਼ੀ ਦੀ ਪ੍ਰਕਿਰਿਆ ਤੋਂ ਬਾਅਦ ਲਿਖਤੀ ਰਜਿਸਟ੍ਰੇਸ਼ਨ ਨੋਟਿਸ ਜਾਰੀ ਕਰੇਗਾ| ਲਿਖਤੀ ਰਜਿਸਟ੍ਰੇਸ਼ਨ ਨੋਟਿਸ ਦੇ ਇਲਾਵਾ, SMS / ਈਮੇਲ (ਜੇ ਵੋਟਰ ਨੇ ਅਜਿਹੀ ਜਾਣਕਾਰੀ ਪ੍ਰਦਾਨ ਕੀਤੀ ਹੈ) ਦੁਆਰਾ ਵੀ ਸੂਚਿਤ ਕੀਤਾ ਜਾਵੇਗਾ ਕਿ ਉਨ੍ਹਾਂ ਦੇ ਰਜਿਸਟ੍ਰੇਸ਼ਨ ਵੇਰਵੇ ਅੱਪਡੇਟ ਕੀਤੇ ਗਏ ਹਨ| ਆਪਣੇ ਹੀ ਰਿਕਾਰਡ ਦੀ ਜਾਂਚ ਕਰਨ ਲਈ www.voterinfo.gov.hk ਰਾਹੀਂ ਵੋਟਰ "ਆਨਲਾਈਨ ਵੋਟਰ ਸੂਚਨਾ ਪੜਤਾਲ ਸਿਸਟਮ” ‘ਤੇ ਲਾਗ-ਇਨ ਕਰ ਸਕਦੇ ਹਨ|

ਸਿਖਰ ‘ਤੇ ਵਾਪਿਸ ਜਾਓ

ਪ੍ਰ21: ਜੇ ਮੇਰੇ ਕੋਲ **ਵੋਟਰ ਰਜਿਸਟ੍ਰੇਸ਼ਨ ਸੰਬੰਧੀ** ਹੋਰ ਸਵਾਲ ਹੋਣ, ਤਾਂ ਸਹਾਇਤਾ ਲਈ ਮੈਨੂੰ ਕਿਹੜੇ ਵਿਭਾਗ ਨਾਲ ਸੰਪਰਕ ਕਰਨਾ ਚਾਹੀਦਾ ਹੈ?
ਉੱ21: ਪੁੱਛਗਿੱਛ ਲਈ, ਅਤੇ ਵਧੇਰੇ ਜਾਣਕਾਰੀ ਲਈ ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਹੋਟਲਾਈਨ 2891 1001 'ਤੇ ਫੋਨ ਜਾਂ ਵਧੇਰੇ ਜਾਣਕਾਰੀ ਲਈ reoenq@reo.gov.hk ‘ਤੇ ਈਮੇਲ ਕਰਨ ਲਈ ਤੁਹਾਡਾ ਸਵਾਗਤ ਹੈ।

ਸਿਖਰ ‘ਤੇ ਵਾਪਿਸ ਜਾਓ

2007 ਕਾਪੀਰਾਈਟ | ਮਹੱਤਵਪੂਰਨ ਨੋਟਿਸ
ਆਖਰੀ ਸੋਧ ਮਿਤੀ: ਸਤੰਬਰ 2018